jagbani Epaper

1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਦਾ ਗੁਣਗਾਨ ਕਾਂਗਰਸ ਦੀ ਸਿੱਖ ਵਿਰੋਧੀ ਮਾਨਸਿਕਤਾ ਦਾ ਸਬੂਤ : ਚੁੱਘ

ਚੰਡੀਗੜ੍ਹ, 21 ਅਗਸਤ (ਅੰਕੁਰ)-ਰਾਜ ਸਭਾ ਮੈਂਬਰ ਤਰੁਣ ਚੁੱਘ ਨੇ 1984 ਦੇ ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਦੇ ਦਿਹਾਂਤ 'ਤੇ ਕਾਂਗਰਸੀ ਆਗੂਆਂ ਵੱਲੋਂ ਦਿੱਤੇ ਜਾ ਰਹੇ ਬਿਆਨਾਂ ਤੇ ਸ਼ਰਧਾਂਜਲੀ ਦੇਣ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਵੱਲੋਂ ਕਤਲੇਆਮ ਦੇ ਦੋਸ਼ੀਆਂ ਦਾ ਗੁਣਗਾਨ ਕਰਨਾ ਇਹ ਦਰਸਾਉਂਦਾ ਹੈ ਕਿ 1984 ਦੀਆਂ ਭਿਆਨਕ ਘਟਨਾਵਾਂ ਪਿੱਛੇ ਰਹੀ ਮਾਨਸਿਕਤਾ ਅੱਜ ਵੀ ਕਾਂਗਰਸ ਅੰਦਰੋਂ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਈ ਹੈ।

ਉਨ੍ਹਾਂ ਕਿਹਾ ਕਿ 1984 'ਚ ਦੇਸ਼ ਦੇ ਕਈ ਸ਼ਹਿਰਾਂ 'ਚ ਬੇਗੁਨਾਹ ਸਿੱਖਾਂ ਨੂੰ ਉਨ੍ਹਾਂ ਦੇ ਘਰਾਂ 'ਚੋਂ ਕੱਢ ਕੇ ਹਿੰਸਾ ਦਾ ਸ਼ਿਕਾਰ ਬਣਾਇਆ ਗਿਆ ਤੇ ਜਿਊਂਦੇ ਸਾੜ ਦਿੱਤਾ ਗਿਆ। ਜਿਨ੍ਹਾਂ ਪਰਿਵਾਰਾਂ ਨੇ ਆਪਣੇ ਪਿਆਰਿਆਂ ਨੂੰ ਗੁਆਇਆ, ਉਨ੍ਹਾਂ ਦੇ ਜ਼ਖ਼ਮ ਅੱਜ ਵੀ ਪੂਰੀ ਤਰ੍ਹਾਂ ਨਹੀਂ ਭਰੇ। ਕਾਂਗਰਸ ਨੇ 1984 ਤੋਂ ਬਾਅਦ ਵੀ ਦੋਸ਼ੀਆਂ ਨੂੰ ਸਿਆਸੀ ਸਰਪ੍ਰਸਤੀ ਦੇਣ ਅਤੇ ਉਨ੍ਹਾਂ ਨੂੰ ਸੱਤਾ ਤੇ ਪਾਰਟੀ 'ਚ ਥਾਂ ਦੇਣ ਦਾ ਕੰਮ ਕੀਤਾ। ਉਨ੍ਹਾਂ ਕਿਹਾ ਕਿ ਸੱਜਣ ਕੁਮਾਰ ਦੇ ਦਿਹਾਂਤ 'ਤੇ ਕਾਂਗਰਸੀ ਆਗੂਆਂ ਵੱਲੋਂ ਜਿਸ ਤਰ੍ਹਾਂ ਦੇ ਬਿਆਨ ਦਿੱਤੇ ਜਾ ਰਹੇ ਹਨ, ਉਹ ਪੀੜਤ ਪਰਿਵਾਰਾਂ ਦੀਆਂ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚਾਉਂਦੇ ਹਨ।

ਉਨ੍ਹਾਂ ਨੇ ਪੰਜਾਬ ਕਾਂਗਰਸ ਦੇ ਸੀਨੀਅਰ ਆਗੂਆਂ ਪ੍ਰਤਾਪ ਸਿੰਘ ਬਾਜਵਾ, ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਸੁਖਜਿੰਦਰ ਸਿੰਘ ਰੰਧਾਵਾ ਨੂੰ ਸਿੱਧਾ ਸਵਾਲ ਕਰਦਿਆਂ ਕਿਹਾ ਕਿ ਉਹ ਸਪੱਸ਼ਟ ਕਰਨ ਕਿ ਕੀ ਉਹ ਆਪਣੀ ਪਾਰਟੀ ਦੇ ਉਨ੍ਹਾਂ ਆਗੂਆਂ ਦੇ ਬਿਆਨਾਂ ਨਾਲ ਸਹਿਮਤ ਹਨ, ਜੋ ਸੱਜਣ ਕੁਮਾਰ ਦੇ ਦਿਹਾਂਤ 'ਤੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੰਦਿਆਂ ਸਨਮਾਨਜਨਕ ਸ਼ਬਦਾਂ 'ਚ ਯਾਦ ਕਰ ਰਹੇ ਹਨ।

ਹਾਈ ਕੋਰਟ 'ਚ 27 ਅਕਤੂਬਰ ਨੂੰ ਹੋਵੇਗੀ ਮੁਲਾਜ਼ਮਾਂ ਦੇ ਡੀ. ਏ. ਸਬੰਧੀ ਸੁਣਵਾਈ

ਚੰਡੀਗੜ੍ਹ, 21 ਅਗਸਤ (ਅੰਕੁਰ)-ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਰਕਾਰੀ ਮੁਲਾਜ਼ਮਾਂ ਦਾ ਮਹਿੰਗਾਈ ਭੱਤਾ (ਡੀ. ਏ.) ਜਾਰੀ ਨਾ ਕੀਤੇ ਜਾਣ ਸਬੰਧੀ ਪੈਨਸ਼ਨਰਾਂ ਵੱਲੋਂ ਅਦਾਲਤੀ ਹੁਕਮਾਂ ਦੀ ਪਾਲਣਾ ਨਾ ਕਰਨ ਤਹਿਤ ਦਾਇਰ ਕੀਤੀ ਗਈ ਪਟੀਸ਼ਨ ਦੇ ਮਾਮਲੇ 'ਚ ਨੋਟਿਸ ਆਫ ਮੋਸ਼ਨ ਜਾਰੀ ਕਰ ਦਿੱਤਾ ਹੈ। ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ ਦੀ ਤਰੀਕ 27 ਅਕਤੂਬਰ ਤੈਅ ਕਰ ਦਿੱਤੀ ਹੈ। ਇਹ ਪਟੀਸ਼ਨ ਹਾਈ ਕੋਰਟ 'ਚ 3 ਅਗਸਤ ਨੂੰ ਮਹਿੰਗਾਈ ਭੱਤਾ ਜਾਰੀ ਕੀਤੇ ਜਾਣ ਸਬੰਧੀ ਹੁਕਮਾਂ ਦੀ ਪਾਲਣਾ ਨਾ ਕਰਨ ਦੇ ਸਬੰਧ 'ਚ ਦਾਇਰ ਕੀਤੀ ਗਈ ਸੀ, ਜਿਸ 'ਚ ਮੁੱਖ ਸਕੱਤਰ ਕੇ. ਏ. ਪੀ. ਸਿਨਹਾ ਨੂੰ ਧਿਰ ਬਣਾਇਆ ਗਿਆ ਹੈ।

ਪੰਜਾਬ ਬੰਦ ਦੌਰਾਨ ਫੈੱਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਸਮੇਤ 7 ਗ੍ਰਿਫ਼ਤਾਰ

■ ਜਲੰਧਰ-ਦਿੱਲੀ ਹਾਈਵੇਅ ਕੀਤਾ ਜਾਮ, 'ਖ਼ਾਲਿਸਤਾਨ ਜ਼ਿੰਦਾਬਾਦ' ਦੇ ਲਗਾਏ ਨਾਅਰੇ

ਚੱਕਾ ਜਾਮ ਦੌਰਾਨ ਨਾਅਰੇਬਾਜ਼ੀ ਕਰ ਰਹੇ ਭਾਈ ਰਣਜੀਤ ਸਿੰਘ, ਭਾਈ ਭੁਪਿੰਦਰ ਸਿੰਘ ਅਤੇ ਹੋਰਨਾਂ ਨੂੰ ਪੁਲਸ ਹਿਰਾਸਤ ਵਿਚ ਲੈਂਦੇ ਹੋਏ ਮੁਲਾਜ਼ਮ। (ਸਰਬਜੀਤ)

ਅੰਮ੍ਰਿਤਸਰ, 21 ਅਗਸਤ (ਸਰਬਜੀਤ)-ਕੌਮੀ ਇਨਸਾਫ ਮੋਰਚੇ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਦਿੱਤੇ ਪੰਜਾਬ ਬੰਦ ਦੇ ਸੱਦੇ ਦੌਰਾਨ ਅੰਮ੍ਰਿਤਸਰ ਦੇ ਗੋਲਡਨ ਗੇਟ 'ਤੇ ਜਲੰਧਰ-ਦਿੱਲੀ ਹਾਈਵੇਅ ਰੋਡ ਨੂੰ ਜਾਮ ਕਰਨ ਵਾਲੇ 'ਸਿੱਖ ਯੂਥ ਫੈੱਡਰੇਸ਼ਨ ਭਿੰਡਰਾਂਵਾਲਾ' ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ (6 ਜੂਨ) ਸਮੇਤ 7 ਫੈੱਡਰੇਸ਼ਨ ਆਗੂਆਂ ਨੂੰ ਪੁਲਸ ਵੱਲੋਂ ਜ਼ਬਰਦਸਤੀ ਹਿਰਾਸਤ ਵਿਚ ਲਏ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਦੌਰਾਨ ਫੈੱਡਰੇਸ਼ਨ ਆਗੂਆਂ ਦੀ ਪੁਲਸ ਨਾਲ ਗਹਿਮਾ-ਗਹਿਮੀ, ਧੱਕਾ-ਮੁੱਕੀ ਅਤੇ ਤਕਰਾਰ ਵੀ ਹੋਈ।

ਦੋਵੇਂ ਪਾਸਿਆਂ ਤੋਂ ਬੰਦ ਕੀਤੀ ਆਵਾਜਾਈ ਨੂੰ ਖੁੱਲ੍ਹਵਾਉਣ ਲਈ ਪੁਲਸ ਨੇ ਪਹਿਲਾਂ ਗੱਲਬਾਤ ਕੀਤੀ ਪਰ ਫੈੱਡਰੇਸ਼ਨ ਪ੍ਰਧਾਨ ਭਾਈ ਰਣਜੀਤ ਸਿੰਘ ਨਾਲ ਹੋਈ ਬਹਿਸ ਤੋਂ ਬਾਅਦ ਉੱਚ ਪੁਲਸ ਅਫ਼ਸਰਾਂ ਦੇ ਹੁਕਮਾਂ 'ਤੇ ਏ. ਡੀ. ਸੀ. ਪੀ. ਹਰਪਾਲ ਸਿੰਘ ਦੀ ਅਗਵਾਈ ਵਿਚ ਤਾਇਨਾਤ ਭਾਰੀ ਗਿਣਤੀ ਵਿਚ ਪੁਲਸ ਫੋਰਸ ਨੇ ਭਾਈ ਰਣਜੀਤ ਸਿੰਘ, ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ, ਜਨਰਲ ਸਕੱਤਰ ਗਗਨਦੀਪ ਸਿੰਘ ਸੁਲਤਾਨਵਿੰਡ, ਜਥੇਬੰਦਕ ਸਕੱਤਰ ਮਨਪ੍ਰੀਤ ਸਿੰਘ ਮੰਨਾ, ਖ਼ਜ਼ਾਨਚੀ ਹਰਪ੍ਰੀਤ ਸਿੰਘ ਬੰਟੀ, ਦਿਹਾਤੀ ਪ੍ਰਧਾਨ ਸੁਖਵਿੰਦਰ ਸਿੰਘ ਨਿਜ਼ਾਮਪੁਰ, ਗੁਰਜੀਤ ਕੌਰ, ਅਵਨੀਤ ਕੌਰ ਤੇ ਮਨਪ੍ਰੀਤ ਸਿੰਘ ਜੋੜਾ ਨੂੰ ਹਿਰਾਸਤ ਵਿਚ ਲੈਂਦਿਆਂ ਬੱਸ ਵਿਚ ਬਿਠਾ ਲਿਆ। ਇਸ ਦੌਰਾਨ ਫੈੱਡਰੇਸ਼ਨ ਆਗੂਆਂ ਵੱਲੋਂ 'ਬੰਦੀ ਸਿੰਘ ਰਿਹਾਅ ਕਰੋ', 'ਜਥੇਦਾਰ ਜਗਤਾਰ ਸਿੰਘ ਹਵਾਰਾ ਜ਼ਿੰਦਾਬਾਦ', 'ਖ਼ਾਲਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਗਾਏ ਗਏ। ਇਨ੍ਹਾਂ ਆਗੂਆਂ ਨੂੰ ਬੱਸ ਵਿਚ ਧੱਕਣ ਲਈ ਪੁਲਸ ਪਾਰਟੀ ਨੂੰ ਪੂਰਾ ਜ਼ੋਰ ਲਾਉਣਾ ਪਿਆ।

ਭਾਈ ਰਣਜੀਤ ਸਿੰਘ ਨੇ ਕਿਹਾ ਕਿ ਅਸੀ ਮੋਰਚੇ ਵੱਲੋਂ ਦਿੱਤੇ ਪੰਜਾਬ ਬੰਦ ਦੇ ਸੱਦੇ ਦੌਰਾਨ ਅੰਮ੍ਰਿਤਸਰ ਸ਼ਹਿਰ ਦੀਆਂ ਦੁਕਾਨਾਂ ਮੁਕੰਮਲ ਤੌਰ 'ਤੇ ਬੰਦ ਕਰਵਾਈਆਂ ਹਨ ਅਤੇ ਮੁੱਖ ਆਵਾਜਾਈ ਨੂੰ ਰੋਕਿਆ ਹੈ ਪਰ ਪੁਲਸ ਪ੍ਰਸ਼ਾਸਨ ਬੇਵਜ੍ਹਾ ਸਾਡੇ ਨਾਲ ਧੱਕੇਸ਼ਾਹੀ ਕਰ ਕੇ ਰਸਤੇ ਖੁੱਲ੍ਹਵਾਉਣਾ ਚਾਹੁੰਦਾ ਹੈ, ਅਸੀਂ ਦੋ ਵਜੇ ਤੱਕ ਪੂਰਾ ਸ਼ਹਿਰ ਬੰਦ ਰੱਖਾਂਗੇ। ਰਣਜੀਤ ਸਿੰਘ ਨੇ ਕਿਹਾ ਕਿ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਈ ਮਿਲਣੀ ਚਾਹੀਦੀ ਹੈ। ਮਾਤਾ ਦੇ ਬੀਮਾਰ ਹੋਣ ਦੇ ਬਾਵਜੂਦ ਜਥੇਦਾਰ ਜਗਤਾਰ ਸਿੰਘ ਹਵਾਰਾ ਨੂੰ ਦਸ ਦਿਨਾਂ ਦੀ ਪੈਰੋਲ ਨਹੀਂ ਦਿੱਤੀ ਜਾ ਰਹੀ, ਜਿਸ ਕਾਰਨ ਕੇਂਦਰ ਸਰਕਾਰ ਪ੍ਰਤੀ ਪੰਥ ਅਤੇ ਪੰਜਾਬ ਵਾਸੀਆਂ ਵਿਚ ਰੋਹ ਤੇ ਰੋਸ ਹੈ।

ਇੱਥੇ ਇਹ ਵੀ ਦੱਸਣਯੋਗ ਹੈ ਕਿ ਬਾਅਦ ਦੁਪਹਿਰ ਸਮੂਹ ਫੈੱਡਰੇਸ਼ਨ ਆਗੂਆਂ ਨੂੰ ਰਿਹਾਅ ਕਰ ਦਿੱਤਾ ਗਿਆ। ਇਸ ਪ੍ਰਦਰਸ਼ਨ ਦੌਰਾਨ ਸਿੱਖ ਯੂਥ ਫੈੱਡਰੇਸ਼ਨ ਭਿੰਡਰਾਂਵਾਲਾ ਦੇ ਆਗੂਆਂ ਨਾਲ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਜ਼ਿਲਾ ਪ੍ਰਧਾਨ ਭਾਈ ਹਰਮਨਦੀਪ ਸਿੰਘ, ਰਵੇਲ ਸਿੰਘ, ਸਤਕਰ ਸਿੰਘ ਬਰਾੜ, ਗਤਕਾ ਉਸਤਾਦ ਜਥੇਦਾਰ ਹਰੀ ਸਿੰਘ, ਗੁਰਦੀਪ ਸਿੰਘ ਰੰਧੇ, ਮਨਿੰਦਰ ਸਿੰਘ ਵੀ ਹਾਜ਼ਰ ਸਨ।

ਅਧਿਆਪਕਾਂ ਨੂੰ ਸਮਰੱਥ ਬਣਾਉਣ ਲਈ ਸਰਕਾਰ ਵਚਨਬੱਧ : ਬੈਂਸ

ਜਲੰਧਰ, 21 ਅਗਸਤ (ਧਵਨ)-ਸਰਕਾਰੀ ਵਿਕਟੋਰੀਆ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਪਟਿਆਲਾ ਦੇ ਅਧਿਆਪਕ ਦਿਨੇਸ਼ ਕੁਮਾਰ ਨੇ ਸਿੱਖਿਆ ਦੇ ਖੇਤਰ ਵਿਚ ਸ਼ਲਾਘਾਯੋਗ ਯੋਗਦਾਨ ਲਈ ਰਾਸ਼ਟਰੀ ਅਧਿਆਪਕ ਪੁਰਸਕਾਰ-2026 ਹਾਸਲ ਕਰ ਕੇ ਪੰਜਾਬ ਦਾ ਨਾਂ ਰੌਸ਼ਨ ਕੀਤਾ ਹੈ। ਉਨ੍ਹਾਂ ਦੀ ਇਸ ਪ੍ਰਾਪਤੀ 'ਤੇ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਉਨ੍ਹਾਂ ਨੂੰ ਵਧਾਈ ਦਿੱਤੀ ਅਤੇ ਸੂਬੇ ਦੇ ਅਧਿਆਪਕ ਭਾਈਚਾਰੇ ਲਈ ਪ੍ਰੇਰਨਾਸਰੋਤ ਦੱਸਿਆ।

ਸਿੱਖਿਆ ਮੰਤਰੀ ਨੇ ਕਿਹਾ ਕਿ ਰਾਸ਼ਟਰੀ ਪੱਧਰ 'ਤੇ ਦਿਨੇਸ਼ ਕੁਮਾਰ ਨੂੰ ਮਿਲਿਆ ਇਹ ਸਨਮਾਨ ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਦਿੱਤੀ ਜਾ ਰਹੀ ਗੁਣਵੱਤਾਪੂਰਨ ਸਿੱਖਿਆ ਅਤੇ ਅਧਿਆਪਕਾਂ ਦੇ ਸਮਰਪਣ ਦਾ ਪ੍ਰਮਾਣ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੀ ਅਗਵਾਈ ਹੇਠ ਪੰਜਾਬ ਸਰਕਾਰ ਅਧਿਆਪਕਾਂ ਨੂੰ ਸਮਰੱਥ ਬਣਾਉਣ ਅਤੇ ਸੂਬੇ ਦੀ ਸਿੱਖਿਆ ਪ੍ਰਣਾਲੀ ਵਿਚ ਵਿਆਪਕ ਸੁਧਾਰ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰੀ ਅਧਿਆਪਕ ਪੁਰਸਕਾਰ ਦੇਸ਼ ਭਰ ਵਿਚ ਅਧਿਆਪਕਾਂ ਨੂੰ ਦਿੱਤੇ ਜਾਣ ਵਾਲੇ ਉੱਚ ਸਨਮਾਨਾਂ ਵਿਚ ਸ਼ਾਮਲ ਹੈ। ਇਹ ਪੁਰਸਕਾਰ ਸਿੱਖਿਆ ਦੇ ਖੇਤਰ ਵਿਚ ਸ਼ਾਨਦਾਰ ਪ੍ਰਦਰਸ਼ਨ, ਨਵੀਨਤਾ (ਨਵੀਂ ਪਹਿਲਕਦਮੀ) ਅਤੇ ਸਮਰਪਿਤ ਸੇਵਾਵਾਂ ਨੂੰ ਮਾਨਤਾ ਦਿੰਦਾ ਹੈ ਅਤੇ ਹਰ ਸਾਲ 5 ਸਤੰਬਰ ਨੂੰ ਅਧਿਆਪਕ ਦਿਵਸ ਦੇ ਮੌਕੇ 'ਤੇ ਰਾਸ਼ਟਰਪਤੀ ਵੱਲੋਂ ਪ੍ਰਦਾਨ ਕੀਤਾ ਜਾਂਦਾ ਹੈ।

ਸਕੂਲਾਂ 'ਚ ਪੂਰਾ ਸਾਲ ਚੱਲੇਗੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ

ਜਲੰਧਰ/ਚੰਡੀਗੜ੍ਹ, 21 ਅਗਸਤ (ਧਵਨ, ਅੰਕੁਰ)-ਪੰਜਾਬ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਹੇਠ ਸੂਬੇ ਭਰ ਦੇ ਸਕੂਲਾਂ 'ਚ ਪੂਰੇ ਸਿੱਖਿਆ ਸਾਲ ਨਸ਼ਾ ਵਿਰੋਧੀ ਜਾਗਰੂਕਤਾ ਸਰਗਰਮੀਆਂ ਚੱਲਣਗੀਆਂ। ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ ਵੱਲੋਂ ਜਾਰੀ ਸਰਗਰਮੀ ਕੈਲੰਡਰ ਅਨੁਸਾਰ ਵਿਦਿਆਰਥੀਆਂ ਦੇ ਨਾਲ ਅਧਿਆਪਕਾਂ, ਮਾਪਿਆਂ ਅਤੇ ਭਾਈਚਾਰੇ ਨੂੰ ਵੀ ਮੁਹਿੰਮ ਨਾਲ ਜੋੜਿਆ ਜਾਵੇਗਾ। ਇਸ ਦਾ ਮਕਸਦ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਬਚਾਉਣ ਦੇ ਨਾਲ ਸਿਹਤਮੰਦ ਅਤੇ ਨਸ਼ਾ-ਮੁਕਤ ਜੀਵਨ ਸ਼ੈਲੀ ਲਈ ਪ੍ਰੇਰਿਤ ਕਰਨਾ ਹੈ।

ਅਗਸਤ ਵਿਚ ਵਿਦਿਆਰਥੀ ਨਸ਼ਾ ਵਿਰੋਧੀ ਸੰਦੇਸ਼ਾਂ ਵਾਲੇ ਪੋਸਟਰ ਬਣਾਉਣਗੇ, ਜਦਕਿ ਸਤੰਬਰ ਵਿਚ ਮਾਪੇ-ਅਧਿਆਪਕ ਮੀਟਿੰਗਾਂ ਰਾਹੀਂ, ਮਾਪਿਆਂ ਨੂੰ ਨਸ਼ੇ ਦੀ ਲਤ ਦੇ ਖ਼ਤਰਿਆਂ ਅਤੇ ਇਸਦੇ ਸ਼ੁਰੂਆਤੀ ਸੰਕੇਤਾਂ ਦੀ ਪਛਾਣ ਕਰਨ ਬਾਰੇ ਜਾਗਰੂਕ ਕੀਤਾ ਜਾਵੇਗਾ। ਅਕਤੂਬਰ 'ਚ ਕਵਿਤਾ ਲੇਖਣ ਅਤੇ ਕੁਇਜ਼ ਮੁਕਾਬਲੇ ਹੋਣਗੇ।

ਨਵੰਬਰ ਤੋਂ ਫਰਵਰੀ ਤੱਕ ਸਥਾਨਕ ਲੋਕਾਂ ਨੂੰ ਆਪਣੇ ਤਜਰਬੇ ਸਾਂਝੇ ਕਰਨ ਲਈ ਸੱਦਣ ਦੇ ਨਾਲ ਨਸ਼ਾ ਵਿਰੋਧੀ ਵਰਕਸ਼ਾਪਾਂ ਆਯੋਜਿਤ ਕੀਤੀਆਂ ਜਾਣਗੀਆਂ। ਸਕੂਲਾਂ ਦੀਆਂ ਸਵੇਰ ਦੀਆਂ ਸਭਾਵਾਂ 'ਚ ਨਸ਼ਾ ਵਿਰੋਧੀ ਸਹੁੰ ਚੁਕਾਈ ਜਾਵੇਗੀ ਅਤੇ ਵਿਦਿਆਰਥੀਆਂ ਨਾਲ ਗੱਲਬਾਤ ਦੇ ਸੈਸ਼ਨ ਆਯੋਜਿਤ ਹੋਣਗੇ।

ਪੰਜਾਬ 'ਚ ਜਾਰੀ ਰਹੇਗਾ 'ਆਪ੍ਰੇਸ਼ਨ ਨਾਈਟ ਡੋਮੀਨੈਂਸ'

■ ਰਾਤ ਨੂੰ ਅਫ਼ਸਰ ਖ਼ੁਦ ਸੰਭਾਲਣਗੇ ਮੋਰਚਾ

'ਆਪ੍ਰੇਸ਼ਨ ਨਾਈਟ ਡੋਮੀਨੈਂਸ' ਦੌਰਾਨ ਵਾਹਨਾਂ ਦੀ ਚੈਕਿੰਗ ਕਰਦੇ ਅਧਿਕਾਰੀ।

ਜਲੰਧਰ, 21 ਅਗਸਤ (ਧਵਨ)-ਪੰਜਾਬ 'ਚ ਆਜ਼ਾਦੀ ਦਿਹਾੜੇ ਦੇ ਮੱਦੇਨਜ਼ਰ ਸ਼ੁਰੂ ਕੀਤਾ ਗਿਆ 'ਆਪ੍ਰੇਸ਼ਨ ਨਾਈਟ ਡੋਮੀਨੈਂਸ' ਹੁਣ ਅੱਗੇ ਵੀ ਜਾਰੀ ਰਹੇਗਾ। ਪੰਜਾਬ ਪੁਲਸ ਦੇ ਉੱਚ ਅਧਿਕਾਰੀਆਂ ਨੇ ਸਾਰੇ ਸੀਨੀਅਰ ਪੁਲਸ ਅਧਿਕਾਰੀਆਂ ਅਤੇ ਐੱਸ. ਐੱਸ. ਪੀ. ਨੂੰ ਰਾਤ ਦੇ ਨਾਕੇ, ਚੈਕਿੰਗ ਅਤੇ ਗਸ਼ਤ ਪ੍ਰਭਾਵਸ਼ਾਲੀ ਢੰਗ ਨਾਲ ਜਾਰੀ ਰੱਖਣ ਦੇ ਹੁਕਮ ਦਿੱਤੇ ਹਨ। ਮੁਹਿੰਮ ਦਾ ਮਕਸਦ ਗੈਂਗਸਟਰਾਂ, ਅਪਰਾਧੀਆਂ ਅਤੇ ਸਮਾਜ ਵਿਰੋਧੀ ਅਨਸਰਾਂ 'ਤੇ ਲਗਾਤਾਰ ਦਬਾਅ ਬਣਾਏ ਰੱਖਣਾ ਅਤੇ ਰਾਤ ਨੂੰ ਹੋਣ ਵਾਲੀਆਂ ਅਪਰਾਧਿਕ ਸਰਗਰਮੀਆਂ 'ਤੇ ਠੱਲ੍ਹ ਪਾਉਣਾ ਹੈ।

ਡਾਇਰੈਕਟਰ ਜਨਰਲ ਗੌਰਵ ਯਾਦਵ ਨੇ ਅਧਿਕਾਰੀਆਂ ਨੂੰ ਹੁਕਮ ਦਿੱਤੇ ਕਿ ਸੰਵੇਦਨਸ਼ੀਲ ਥਾਵਾਂ 'ਤੇ ਵਿਸ਼ੇਸ਼ ਨਿਗਰਾਨੀ ਰੱਖੀ ਜਾਵੇ ਅਤੇ ਸ਼ੱਕੀ ਵਿਅਕਤੀਆਂ ਤੇ ਵਾਹਨਾਂ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਰਾਤ ਦੇ ਸਮੇਂ ਪੁਲਸ ਦੀ ਮੌਜੂਦਗੀ ਲਗਾਤਾਰ ਦਿਖਾਈ ਦੇਣੀ ਚਾਹੀਦੀ ਹੈ, ਤਾਂ ਜੋ ਅਪਰਾਧਿਕ ਅਨਸਰਾਂ 'ਚ ਕਾਨੂੰਨ ਦਾ ਡਰ ਬਣਿਆ ਰਹੇ।

ਆਜ਼ਾਦੀ ਦਿਹਾੜੇ ਤੋਂ ਪਹਿਲਾਂ ਸ਼ੁਰੂ ਕੀਤੀ ਗਈ ਮੁਹਿੰਮ ਦੌਰਾਨ ਸੀਨੀਅਰ ਪੁਲਸ ਅਧਿਕਾਰੀਆਂ ਨੇ ਖ਼ੁਦ ਫੀਲਡ 'ਚ ਉਤਰ ਕੇ ਨਾਕਿਆਂ ਅਤੇ ਚੈਕਿੰਗ ਦੀ ਨਿਗਰਾਨੀ ਕੀਤੀ ਸੀ। ਹੁਣ ਇਸੇ ਵਿਵਸਥਾ ਨੂੰ ਅੱਗੇ ਵੀ ਜਾਰੀ ਰੱਖਣ ਦਾ ਫ਼ੈਸਲਾ ਕੀਤਾ ਗਿਆ ਹੈ।

ਪੰਜਾਬ ਕਾਂਗਰਸ ਦਾ ਮੈਨੀਫੈਸਟੋ ਲੋਕਾਂ ਦਾ ਮੈਨੀਫੈਸਟੋ ਹੋਵੇਗਾ, ਪੰਜਾਬ ਦੇ ਲੋਕ ਹੀ ਇਸ ਨੂੰ ਤਿਆਰ ਕਰਨਗੇ : ਕਾਂਗਰਸ

ਡਾ. ਅਮਰ ਸਿੰਘ, ਪਰਗਟ ਸਿੰਘ, ਗੁਰਜੀਤ ਸਿੰਘ ਔਜਲਾ ਅਤੇ ਹਰਦਿਆਲ ਸਿੰਘ ਕੰਬੋਜ।

ਜਲੰਧਰ, 21 ਅਗਸਤ (ਚੋਪੜਾ)-ਆਲ ਇੰਡੀਆ ਕਾਂਗਰਸ ਕਮੇਟੀ (ਏ. ਆਈ. ਸੀ. ਸੀ.) ਵੱਲੋਂ ਗਠਿਤ ਪੰਜਾਬ ਕਾਂਗਰਸ ਦੀ ਮੈਨੀਫੈਸਟੋ ਕਮੇਟੀ ਦੀ ਅੱਜ ਪਹਿਲੀ ਬੈਠਕ ਹੋਈ। ਬੈਠਕ ਵਿਚ ਕਮੇਟੀ ਦੇ ਮੈਂਬਰ ਡਾ. ਅਮਰ ਸਿੰਘ, ਪਰਗਟ ਸਿੰਘ, ਗੁਰਜੀਤ ਸਿੰਘ ਔਜਲਾ ਅਤੇ ਹਰਦਿਆਲ ਸਿੰਘ ਕੰਬੋਜ ਨੇ ਹਿੱਸਾ ਲਿਆ। ਬੈਠਕ ਦੌਰਾਨ ਆਗਾਮੀ ਪੰਜਾਬ ਕਾਂਗਰਸ ਦੇ ਮੈਨੀਫੈਸਟੋ ਨੂੰ ਲੈ ਕੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।

ਇਸ ਦੌਰਾਨ ਇਸ ਗੱਲ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਕਿ ਕਾਂਗਰਸ ਦਾ ਮੈਨੀਫੈਸਟੋ ਸਿਰਫ ਸਿਆਸੀ ਦਸਤਾਵੇਜ਼ ਨਾ ਹੋ ਕੇ ਪੰਜਾਬ ਦੇ ਆਮ ਲੋਕਾਂ ਦੀਆਂ ਉਮੀਦਾਂ, ਜ਼ਰੂਰਤਾਂ ਅਤੇ ਸਮੱਸਿਆਵਾਂ ਦੀ ਆਵਾਜ਼ ਬਣੇ। ਕਮੇਟੀ ਨੇ ਤੈਅ ਕੀਤਾ ਕਿ ਮੈਨੀਫੈਸਟੋ ਤਿਆਰ ਕਰਨ ਦੀ ਪੂਰੀ ਪ੍ਰਕਿਰਿਆ ਵਿਚ ਪੰਜਾਬ ਦੇ ਲੋਕਾਂ ਦੀ ਵਿਆਪਕ ਭਾਗੀਦਾਰੀ ਯਕੀਨੀ ਬਣਾਈ ਜਾਵੇਗੀ। ਇਸ ਤਹਿਤ ਮੈਨੀਫੈਸਟੋ ਕਮੇਟੀ ਆਉਣ ਵਾਲੇ ਦਿਨਾਂ ਵਿਚ ਪੂਰੇ ਪੰਜਾਬ ਦਾ ਦੌਰਾ ਕਰੇਗੀ ਅਤੇ ਵੱਖ-ਵੱਖ ਵਰਗਾਂ ਦੇ ਲੋਕਾਂ ਨਾਲ ਸਿੱਧਾ ਸੰਵਾਦ ਕਰੇਗੀ, ਜਿਸ ਤਹਿਤ ਕਮੇਟੀ ਕਿਸਾਨਾਂ, ਐਸੋਸੀਏਸ਼ਨਾਂ, ਆਰਥਿਕ ਅਤੇ ਸਮਾਜਿਕ ਸੰਗਠਨਾਂ, ਸਿਵਲ ਸੋਸਾਇਟੀ ਦੇ ਨੁਮਾਇੰਦਿਆਂ, ਬੁੱਧੀਜੀਵੀਆਂ, ਮੁਲਾਜ਼ਮਾਂ, ਵਪਾਰੀਆਂ, ਨੌਜਵਾਨਾਂ ਅਤੇ ਆਮ ਪੰਜਾਬੀਆਂ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਦੇ ਸੁਝਾਅ ਅਤੇ ਮੰਗਾਂ ਸੁਣੇਗੀ।

ਬੈਠਕ ਵਿਚ ਇਹ ਵੀ ਤੈਅ ਕੀਤਾ ਗਿਆ ਕਿ ਵੱਖ-ਵੱਖ ਵਰਗਾਂ ਤੋਂ ਪ੍ਰਾਪਤ ਸੁਝਾਆਂ ਨੂੰ ਗੰਭੀਰਤਾ ਨਾਲ ਵਿਚਾਰ ਕਰਨ ਤੋਂ ਬਾਅਦ ਅੰਤਿਮ ਮੈਨੀਫੈਸਟੋ ਵਿਚ ਸ਼ਾਮਲ ਕੀਤਾ ਜਾਵੇਗਾ। ਕਮੇਟੀ ਦਾ ਯਤਨ ਰਹੇਗਾ ਕਿ ਪੰਜਾਬ ਦੇ ਹਰ ਖੇਤਰ ਅਤੇ ਹਰ ਵਰਗ ਦੀਆਂ ਮੁੱਖ ਸਮੱਸਿਆਵਾਂ ਨੂੰ ਮੈਨੀਫੈਸਟੋ ਵਿਚ ਯੋਗ ਥਾਂ ਮਿਲੇ।

ਕਮੇਟੀ ਨੇ ਮੰਨਿਆ ਕਿ ਪੰਜਾਬ ਅੱਜ ਕਈ ਗੰਭੀਰ ਸਮਾਜਿਕ, ਆਰਥਿਕ ਅਤੇ ਵਿਕਾਸ ਸੰਬੰਧੀ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਅਜਿਹੇ ਵਿਚ ਵੱਡੇ ਪੱਧਰ 'ਤੇ ਜਨ-ਸੰਵਾਦ ਦੇ ਮਾਧਿਅਮ ਨਾਲ ਇਨ੍ਹਾਂ ਸਮੱਸਿਆਵਾਂ ਦੇ ਅਮਲੀ ਹੱਲ ਲੱਭੇ ਜਾਣਗੇ। ਕਮੇਟੀ ਆਉਣ ਵਾਲੇ ਦਿਨਾਂ ਵਿਚ ਵੱਖ-ਵੱਖ ਜ਼ਿਲਿਆਂ ਦਾ ਦੌਰਾ ਕਰ ਕੇ ਸੰਬੰਧਤ ਧਿਰਾਂ ਨਾਲ ਗੱਲਬਾਤ ਸ਼ੁਰੂ ਕਰੇਗੀ ਅਤੇ ਉਨ੍ਹਾਂ ਦੇ ਵਿਚਾਰਾਂ ਨੂੰ ਮੈਨੀਫੈਸਟੋ ਦਾ ਆਧਾਰ ਬਣਾਏਗੀ।

ਪੰਜਾਬ ਸਟੇਟ ਡੀਅਰ ਦੀਵਾਲੀ ਬੰਪਰ 2026 ਦੀ ਸ਼ਾਨਦਾਰ ਸ਼ੁਰੂਆਤ

■ ਪੰਜਾਬ ਲਾਟਰੀਆਂ ਦੇ ਇਤਿਹਾਸ ਵਿਚ ਸਭ ਤੋਂ ਵੱਡਾ ਇਨਾਮ



ਲੁਧਿਆਣਾ, 21 ਅਗਸਤ (ਬੀ. ਐੱਨ. 2189/ਜੇਜੀ)-ਪੰਜਾਬ ਸਟੇਟ ਡੀਅਰ ਦੀਵਾਲੀ ਬੰਪਰ 2026 ਅੱਜ ਪੰਜਾਬ ਭਰ ਦੇ ਸਟਾਕਿਸਟਾਂ ਦੀ ਮੌਜੂਦਗੀ ਵਿੱਚ ਬਹੁਤ ਧੂਮਧਾਮ ਨਾਲ ਲਾਂਚ ਕੀਤਾ ਗਿਆ। ਪੰਜਾਬ ਲਾਟਰੀਆਂ ਦੇ ਇਤਿਹਾਸ ਵਿੱਚ ਪਹਿਲੀ ਵਾਰ, 12 ਕਰੋੜ ਦੇ ਵੱਡੇ ਪਹਿਲੇ ਇਨਾਮ ਦਾ ਐਲਾਨ ਕੀਤਾ ਗਿਆ ਹੈ. ਇੱਕ ਇਨਾਮ ਜੋ ਜਨਤਾ ਨੂੰ ਦਿੱਤਾ ਜਾਣਾ ਯਕੀਨੀ ਹੈ।

ਇੱਕ ਬੁਲਾਰੇ ਨੇ ਦੱਸਿਆ ਕਿ ਪਿਛਲੇ ਸਾਲਾਂ ਵਾਂਗ ਦੀਵਾਲੀ ਬੰਪਰ ਟਿਕਟਾਂ ਲਈ ਬਹੁਤ ਉਮੀਦ ਸੀ ਤੇ ਉਹ ਇੰਤਜ਼ਾਰ ਹੁਣ ਖਤਮ ਹੋ ਗਿਆ ਹੈ। ਦੀਵਾਲੀ ਬੰਪਰ 2026 ਲਈ ਟਿਕਟਾਂ ਪੰਜਾਬ ਭਰ ਦੇ ਸਾਰੇ ਸਟਾਕਿਸਟਾਂ ਤੇ ਵਿਕਰੇਤਾਵਾਂ ਦੇ ਕਾਊਂਟਰਾਂ 'ਤੇ ਉਪਲਬਧ ਹਨ। ਇਤਿਹਾਸਕ ਪਹਿਲੇ ਇਨਾਮ ਤੋਂ ਇਲਾਵਾ 1 ਕਰੋੜ ਦੇ ਤਿੰਨ ਦੂਜੇ ਇਨਾਮ, 50 ਲੱਖ ਦੇ ਤਿੰਨ ਤੀਜੇ ਇਨਾਮ ਤੇ 10 ਲੱਖ ਦੇ 12 ਇਨਾਮ ਹੋਣਗੇ। ਇਸ ਤੋਂ ਇਲਾਵਾ ਕਰੋੜਾਂ ਰੁਪਏ ਦੇ ਹੋਰ ਆਕਰਸ਼ਕ ਇਨਾਮ ਜਿੱਤਣ ਦਾ ਸੁਨਹਿਰੀ ਮੌਕਾ ਹੈ।

ਇਸ ਬੰਪਰ ਲਾਟਰੀ ਲਈ ਡਰਾਅ 16 ਨਵੰਬਰ ਨੂੰ ਜੱਜਾਂ ਦੀ ਨਿਗਰਾਨੀ ਹੇਠ ਕੱਢਿਆ ਜਾਵੇਗਾ। ਟਿਕਟ ਦੀ ਕੀਮਤ ਸਿਰਫ 500 ਹੈ ਤੇ ਡਰਾਅ ਨੂੰ ਅਧਿਕਾਰਤ ਯੂਟਿਊਬ ਚੈਨਲ 'ਤੇ ਵੀ ਦੇਖਿਆ ਜਾ ਸਕਦਾ ਹੈ। ਲਾਂਚ ਸਮਾਰੋਹ ਵਿਚ ਕੰਪਨੀ ਦੇ ਸੀਨੀਅਰ ਅਧਿਕਾਰੀ ਤੇ ਪ੍ਰਮੁੱਖ ਸਟਾਕਿਸਟ ਮੌਜੂਦ ਸਨ।

ਹਾਈ ਕੋਰਟ ਵੱਲੋਂ ਪੰਜ ਸਾਲਾ ਬੱਚੇ ਦੀ ਕਸਟੱਡੀ ਦਾਦਾ-ਦਾਦੀ ਤੋਂ ਲੈ ਕੇ ਮਾਂ ਨੂੰ ਸੌਂਪਣ ਦੇ ਹੁਕਮ

ਚੰਡੀਗੜ੍ਹ, 21 ਅਗਸਤ (ਅੰਕੁਰ)-ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜ ਸਾਲਾ ਬੱਚੇ ਦੀ ਕਸਟੱਡੀ ਦੇ ਮਾਮਲੇ 'ਚ ਅਹਿਮ ਫ਼ੈਸਲਾ ਸੁਣਾਉਂਦਿਆਂ ਬੱਚੇ ਦੀ ਕਸਟੱਡੀ ਦਾਦਾ-ਦਾਦੀ ਤੋਂ ਲੈ ਕੇ ਮਾਂ ਨੂੰ ਸੌਂਪਣ ਦੇ ਹੁਕਮ ਦਿੱਤੇ ਹਨ।

ਅਦਾਲਤ ਨੇ ਕਿਹਾ ਕਿ ਪਿਤਾ ਦੀ ਮੌਤ ਤੋਂ ਬਾਅਦ ਬੱਚੇ ਦੀ ਕਸਟੱਡੀ ਦੇ ਮਾਮਲੇ 'ਚ ਮਾਂ ਨੂੰ ਦਾਦਾ-ਦਾਦੀ 'ਤੇ ਤਰਜੀਹ ਹਾਸਲ ਹੈ ਜਦੋਂ ਤੱਕ ਇਹ ਸਾਬਤ ਨਾ ਹੋਵੇ ਕਿ ਉਹ ਬੱਚੇ ਦੀ ਦੇਖਭਾਲ ਕਰਨ 'ਚ ਅਸਮਰੱਥ ਹੈ। ਜਸਟਿਸ ਜਸਜੀਤ ਸਿੰਘ ਬੇਦੀ ਨੇ ਕਿਹਾ ਕਿ ਅਜਿਹਾ ਕੋਈ ਤੱਥ ਸਾਹਮਣੇ ਨਹੀਂ ਆਇਆ, ਜਿਸ ਤੋਂ ਇਹ ਸਾਬਤ ਹੋਵੇ ਕਿ ਮਾਂ ਬੱਚਿਆਂ ਦੀ ਦੇਖਭਾਲ ਲਈ ਅਯੋਗ ਹੈ। ਅਦਾਲਤ ਨੇ ਕਿਹਾ ਕਿ ਦੋਵਾਂ ਬੱਚਿਆਂ ਦਾ ਮਾਂ ਨਾਲ ਰਹਿਣਾ ਉਨ੍ਹਾਂ ਦੇ ਹਿੱਤ ਅਤੇ ਭਲਾਈ ਵਿਚ ਹੋਵੇਗਾ।

ਮਾਮਲੇ ਅਨੁਸਾਰ ਔਰਤ ਦਾ ਵਿਆਹ ਮਈ 2020 'ਚ ਹੋਇਆ ਸੀ। ਫਰਵਰੀ 2021 'ਚ ਪੁੱਤਰ ਅਤੇ ਨਵੰਬਰ 2025 'ਚ ਧੀ ਦਾ ਜਨਮ ਹੋਇਆ। ਦਸੰਬਰ 2025 'ਚ ਪਤੀ ਦੀ ਮੌਤ ਹੋ ਗਈ।

ਔਰਤ ਨੇ ਦੋਸ਼ ਲਾਇਆ ਕਿ ਜੂਨ 2026 'ਚ ਉਸ ਨੂੰ ਨਵਜੰਮੀ ਧੀ ਸਮੇਤ ਸਹੁਰੇ ਘਰ ਤੋਂ ਜਾਣ ਲਈ ਮਜਬੂਰ ਕੀਤਾ ਗਿਆ ਜਦਕਿ ਪੰਜ ਸਾਲਾ ਪੁੱਤਰ ਨੂੰ ਦਾਦਾ-ਦਾਦੀ ਨੇ ਆਪਣੇ ਕੋਲ ਰੱਖ ਲਿਆ।

ਦਫਤਰ ਰਿਕਵਰੀ ਅਫਸਰ
ਡੈਬਟਸ ਰਿਕਵਰੀ ਟ੍ਰਿਬਿਊਨਲ ਚੰਡੀਗੜ੍ਹ (ਡੀ. ਆਰ. ਟੀ. 3)
ਗਰਾਊਂਡ ਫਲੋਰ, ਐੱਸ. ਸੀ. ਓ. 33-34-35, ਸੈਕਟਰ-17-ਏ, ਚੰਡੀਗੜ੍ਹ-160017

ਆਰ. ਸੀ. ਨੰ. 1083/2024 | ਨਿਲਾਮੀ ਵਿਕਰੀ ਦੀ ਮਿਤੀ : 20.10.2026

ਵਿਕਰੀ ਦਾ ਐਲਾਨ : ਅਚੱਲ ਜਾਇਦਾਦ

ਇਨਕਮ ਟੈਕਸ ਐਕਟ ਦੇ ਦੂਜੇ ਸ਼ਡਿਊਲ ਦੇ ਰੂਲ-37, 38 ਤੇ 52 (1) (2), ਜਿਨ੍ਹਾਂ ਨੂੰ ਰਿਕਵਰੀ ਆਫ ਡੈਬਟਸ ਐਂਡ ਬੈਂਕਰਪਟਸੀ ਐਕਟ, 1993 ਨਾਲ ਪੜ੍ਹਿਆ ਜਾਂਦਾ ਹੈ, ਤਹਿਤ ਵਿਕਰੀ ਦਾ ਐਲਾਨ।

ਪੰਜਾਬ ਨੈਸ਼ਨਲ ਬੈਂਕ ਬਨਾਮ ਅੰਮ੍ਰਿਤਪਾਲ ਸਿੰਘ

ਨੂੰ
(ਸੀ. ਡੀ. 1) ਅੰਮ੍ਰਿਤਪਾਲ ਸਿੰਘ ਪੁੱਤਰ ਅਮਰ ਸਿੰਘ, [illegible], ਤਹਿਸੀਲ ਅਮਲੋਹ, ਜ਼ਿਲਾ ਫਤਹਿਗੜ੍ਹ ਸਾਹਿਬ, ਪੰਜਾਬ-140407.

[illegible] 02.05.2022 [illegible] 46,000 [illegible] 43,95,008.50 [illegible] /823/2022 [illegible] ਆਰ. ਸੀ. /1083/2024 [illegible]

[illegible] 20.10.2026 [illegible] https://bankeauctions.com [illegible]

[illegible] ਮੈਸਰਜ਼ ਸੀ 1 ਇੰਡੀਆ ਪ੍ਰਾ. ਲਿਮਟਿਡ [illegible] 7080804466, ਈ-ਮੇਲ : delhi@c1india.com), [illegible] 44, ਗੁੜਗਾਓਂ-122003 (ਹਰਿਆਣਾ), ਹੈਲਪਲਾਈਨ ਨੰ. 729-1981124, 25, 26 ਹੈ। ਈ-ਮੇਲ : support@bankeauctions.com

[illegible] ਮੋਬਾਈਲ ਨੰ. 9813965592, ਈ-ਮੇਲ : bo4225@pnb.bank.in.

[illegible]

(i) [illegible]
(ii) [illegible]
(iii) [illegible]
(iv) [illegible]
(v) [illegible] 4225003171118A [illegible] PUNB0422500, [illegible]

[illegible]

ਲੜੀ ਨੰ.	ਜਾਇਦਾਦ ਦੇ ਵੇਰਵੇ	ਰਾਖਵੀਂ ਕੀਮਤ (ਲੱਖਾਂ 'ਚ)	ਈ. ਐੱਮ. ਡੀ. ਰਕਮ (ਲੱਖਾਂ 'ਚ)	(ਲੱਖਾਂ 'ਚ) ਦੇ ਗੁਣਾ 'ਚ ਬੋਲੀ ਵਾਧਾ
1.	ਖੇਤੀਬਾੜੀ ਵਾਲੀ ਜ਼ਮੀਨ ਦੇ ਵੇਰਵੇ ਇਸ ਹਨ- 28 ਕਨਾਲ-0 ਮਰਲੇ/305 [illegible] 63/108, [illegible] 0.34//, [illegible] 10/2 (4-0), 11 (8-0), 13 (8-0), 18 (8-0) [illegible] ਐੱਚ. ਬੀ. ਨੰ. 92, ਤਹਿਸੀਲ ਅਮਲੋਹ, ਜ਼ਿਲਾ ਫਤਹਿਗੜ੍ਹ ਸਾਹਿਬ [illegible]	Rs. 44.10	Rs. 4.40	Rs. 0.50
2.	32 ਕਨਾਲ-0 ਮਰਲੇ/4 [illegible] 63/108, 109, [illegible] 33//, [illegible] 16/1/5-8), [illegible] 34//, [illegible] 9/2(0-11), 12(7-7), 19(8-0), [illegible] 38//, [illegible] 4(2-14), 5(8-0) [illegible] ਐੱਚ. ਬੀ. ਨੰ. 92, ਤਹਿਸੀਲ ਅਮਲੋਹ, ਜ਼ਿਲਾ ਫਤਹਿਗੜ੍ਹ ਸਾਹਿਬ [illegible]	Rs. 50.40	Rs. 5.05	Rs. 0.50

ਨੋਟ : [illegible] 19.10.2026 [illegible]

[illegible] www.drt.gov.in [illegible]

ਜਾਇਦਾਦ ਦਾ ਸ਼ਡਿਊਲ

ਲਾਟ ਨੰ.	ਵਿਕਰੀ ਕੀਤੀ ਜਾਣ ਵਾਲੀ ਜਾਇਦਾਦ ਦਾ ਵੇਰਵਾ	[illegible]	[illegible]	[illegible]
1.	ਖੇਤੀਬਾੜੀ ਵਾਲੀ ਜ਼ਮੀਨ ਦੇ ਵੇਰਵੇ ਇਸ ਹਨ- 28 ਕਨਾਲ-0 ਮਰਲੇ/305 [illegible] 63/108, [illegible] 0.34//, [illegible] 10/2 (4-0), 11 (8-0), 13 (8-0), 18 (8-0) [illegible] ਐੱਚ. ਬੀ. ਨੰ. 92, ਤਹਿਸੀਲ ਅਮਲੋਹ, ਜ਼ਿਲਾ ਫਤਹਿਗੜ੍ਹ ਸਾਹਿਬ [illegible]	ਜਾਣਕਾਰੀ ਨਹੀਂ	ਜਾਣਕਾਰੀ ਨਹੀਂ	ਜਾਣਕਾਰੀ ਨਹੀਂ
2.	32 ਕਨਾਲ-0 ਮਰਲੇ/4 [illegible] 63/108, 109, [illegible] 33//, [illegible] 16/1/5-8), [illegible] 34//, [illegible] 9/2(0-11), 12(7-7), 19(8-0), [illegible] 38//, [illegible] 4(2-14), 5(8-0) [illegible] ਐੱਚ. ਬੀ. ਨੰ. 92, ਤਹਿਸੀਲ ਅਮਲੋਹ, ਜ਼ਿਲਾ ਫਤਹਿਗੜ੍ਹ ਸਾਹਿਬ [illegible]	ਜਾਣਕਾਰੀ ਨਹੀਂ	ਜਾਣਕਾਰੀ ਨਹੀਂ	ਜਾਣਕਾਰੀ ਨਹੀਂ

ਨੋਟ : ਮਿਤੀ 12.08.2026 ਨੂੰ ਮੇਰੇ ਹਸਤਾਖਰ ਤੇ ਮੋਹਰ ਹੇਠ ਜਾਰੀ ਕੀਤਾ ਗਿਆ।
ਮੋਹਰ
ਹਸਤਾਖਰ
ਡੈਬਟਸ ਰਿਕਵਰੀ ਟ੍ਰਿਬਿਊਨਲ ਚੰਡੀਗੜ੍ਹ (ਡੀ. ਆਰ. ਟੀ. 3)

ਹੋਮੀ ਭਾਭਾ ਸੈਂਟਰ ਫਾਰ ਸਾਇੰਸ ਐਜੂਕੇਸ਼ਨ
ਟਾਟਾ ਇੰਸਟੀਚਿਊਟ ਆਫ ਫੰਡਾਮੈਂਟਲ ਰਿਸਰਚ
ਨੈਸ਼ਨਲ ਓਲੰਪਿਆਡ ਪ੍ਰੋਗਰਾਮ 2026-2027
ਐਸਟ੍ਰੋਨੌਮੀ, ਬਾਇਓਲੋਜੀ, ਕੈਮਿਸਟ੍ਰੀ, ਫਿਜ਼ਿਕਸ, ਜੂਨੀਅਰ ਸਾਇੰਸ 'ਚ

ਪ੍ਰੋਗਰਾਮ ਵਿਚ ਸ਼ਾਮਲ ਹੋਣ ਦੇ ਇੱਛੁਕ ਸਾਰੇ ਵਿਦਿਆਰਥੀਆਂ ਲਈ ਇੰਡੀਅਨ ਐਸੋਸੀਏਸ਼ਨ ਆਫ ਫਿਜ਼ਿਕਸ ਟੀਚਰਜ਼ (ਆਈ. ਏ. ਪੀ. ਟੀ.) ਵੱਲੋਂ 21 ਤੇ 22 ਨਵੰਬਰ, 2026 ਨੂੰ ਲਏ ਜਾਣ ਵਾਲੇ ਕੋਰੇਸਪੌਂਡਿੰਗ ਨੈਸ਼ਨਲ ਸਟੈਂਡਰਡ ਇਗਜ਼ਾਮੀਨੇਸ਼ਨਜ਼ (ਐੱਨ. ਐੱਸ. ਈਜ਼) (ਵਿਗਿਆਨ ਵਿਸ਼ਿਆਂ ਲਈ) ਵਿਚ ਹਿੱਸਾ ਲੈਣਾ ਜ਼ਰੂਰੀ ਹੈ।

ਐੱਨ. ਐੱਸ. ਈਜ਼ ਵਿਚ ਯੋਗਤਾ ਕੋਰੇਸਪੌਂਡਿੰਗ ਇੰਟਰਨੈਸ਼ਨਲ ਓਲੰਪਿਆਡਜ਼ ਆਫ 2027 'ਚ ਹਿੱਸਾ ਲੈਣ ਵੱਲ ਪਹਿਲਾ ਕਦਮ ਹੈ।

ਦਾਖਲੇ ਲਈ :
ਐੱਨ. ਐੱਸ. ਈਜ਼ : https://www.iapt.org.in (21 ਅਗਸਤ-14 ਸਤੰਬਰ, 2026)
ਵਧੇਰੇ ਜਾਣਕਾਰੀ ਲਈ : https://olympiads.hbcse.tifr.res.in
https://www.iapt.org.in
cbc48143/11/0005/2627

ਯੂਕੋ ਬੈਂਕ UCO BANK
ਜ਼ੋਨਲ ਆਫਿਸ, ਦੂਜੀ ਮੰਜ਼ਿਲ, ਦੁਗਰੀ, ਫੇਜ਼-1, ਨੇੜੇ ਬਸੰਤ ਪਲੈਟੀਨਮ, ਲੁਧਿਆਣਾ, ਫੋਨ : 7018896675

ਬ੍ਰਾਂਚ ਲਈ ਲੀਜ਼ ਆਧਾਰ 'ਤੇ ਪ੍ਰਿਮਸਿਜ਼ ਸਪੇਸ ਦੀ ਲੋੜ
ਯੂਕੋ ਬੈਂਕ ਵੱਲੋਂ ਆਪਣੀਆਂ ਹੇਠ ਲਿਖੀਆਂ ਬ੍ਰਾਂਚਾਂ ਲਈ [illegible] ਪ੍ਰਿਮਸਿਜ਼ ਲੀਜ਼ ਲਈ ਪੇਸ਼ਕਸ਼ਾਂ ਦਾ ਸੱਦਾ ਦਿੱਤਾ ਜਾਂਦਾ ਹੈ-

ਲੜੀ ਨੰ.	ਬ੍ਰਾਂਚ/ਦਫਤਰ	ਤਰਜੀਹੀ ਲੋਕੇਸ਼ਨ	ਕਾਰਪੈੱਟ ਏਰੀਆ (ਵਰਗ ਫੁੱਟ)
1	ਰਾਜਕੋਟ	ਰਾਜਕੋਟ	1000
2	ਫਿਰੋਜ਼ਪੁਰ ਲਾਈਨ	ਫਿਰੋਜ਼ਪੁਰ	1000

[illegible] 09.09.2026 [illegible]

[illegible] https://www.uco.bank.in/tenders [illegible] 10.09.2026 [illegible]

ਜ਼ੋਨਲ ਮੈਨੇਜਰ

AUCTION NOTICE

The Punjab Waqf Board intends to lease out its following properties as per the UMEED [Waqf] Act, 1995 and the Rules framed thereunder, as amended from time to time, through bids to be held on 27.08.2026 at 09:00A.M. in the Office of the Estate Officer, Punjab Waqf Board, 166, Punjabi Bagh, Patiala, 147001:

S. No	Property Description			Purpose	Period	Reserve Price
	Location	Kh. Nos.	Area			
1.	Village Rajla, Tehsil , Samana District Patiala	95, 115	10 Kanal 00 Marla	Agriculture	03 years	Rs. 2,200/- per Kanal per annum
2.	Village Rajla, Tehsil Samana, District Patiala	95, 115	10 Kanal 00 Marla	Agriculture	03 years	Rs. 2,200/- per Kanal per annum
3.	Village Rajla, Tehsil Samana, District Patiala	95, 115	18 Kanal 00 Marla	Agriculture	03 years	Rs. 2,200/- per Kanal per annum
4.	Village Rajla, Tehsil Samana, District Patiala	95, 115	26 Kanal 15 Marla	Agriculture	03 years	Rs. 2,200/- per Kanal per annum
5.	Village Samana, Tehsil Samana District Patiala	272, 273, 274,275,276	07 Kanal 10 Marla	Agriculture	03 years	Rs. 2,750/- per Kanal per annum
6.	Tehsil to M.C. Road, Samana District Patiala	370	66 sq yds	Residential	35 Months	Rs.9,375/- per sq yd per month
7.	Bhawanigarh Road, Tehsil Samana, District Patiala	188//20, 189//16	1535 sq yds	Residential	35 Months	Rs.6/- per sq yd per month
8.	Village Dhainthal, Tehsil Samana, District Patiala	81	36 Kanal 00 Marla	Agricultural	03 years	Rs. 4,000/- per Kanal per annum
9.	Village Randhawa, Tehsil and District Patiala	52	20 Kanal 00 Marla	Agricultural	03 years	Rs. 4,000/- per Kanal per annum
10.	Sahib Nagar urf Theri, Patiala	50/1/4	100 sq yds	Commercial	35 Months	Rs. 39 /- per sq yd per month

The interested person may reach the Office of the Estate Officer, PWB, Patiala on dated 27.08.2026. The remaining terms and conditions will be explained on the spot. All rights will be reserved with the Estate Officer for cancellation of the bid.

-Sd/- Estate Officer, Punjab Waqf Board ,Patiala

ਬੈਂਕ ਆਫ ਬੜੌਦਾ Bank of Baroda
ਖੇਤਰ : ਖੇਤਰੀ ਦਫਤਰ, ਲੁਧਿਆਣਾ, ਪਤਾ : BXX-3369, ਤੀਜੀ ਮੰਜ਼ਿਲ, ਸੰਧੂ ਟਾਵਰ-II, ਗੁਰਦੇਵ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ, ਪੰਜਾਬ-141001, ਸੰਪਰਕ ਨੰ. : 0161-5127233,
ਈ-ਮੇਲ : recovery.ludhiana@bankofbaroda.com

ਅਚੱਲ/ਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਨੋਟਿਸ
ਅਪੈਂਡਿਕਸ-IV-A (ਰੂਲ 6(2) ਤੇ 8(6) ਦੀ ਪ੍ਰੋਵਿਜ਼ੋ ਵੇਖੋ)

ਸਕਿਓਰਿਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ, 2002, [illegible]

ਈ. ਐੱਮ. ਡੀ. ਜਮ੍ਹਾ ਕਰਨ ਦੀ ਅੰਤਿਮ ਮਿਤੀ : 28.09.2026 ਸ਼ਾਮ 5 ਵਜੇ ਤਕ | [illegible]
ਈ-ਨਿਲਾਮੀ ਸ਼ੁਰੂ ਹੋਣ ਦੀ ਮਿਤੀ ਤੇ ਸਮਾਂ : 28.09.2026 ਬਾ. ਦੁ. 2 ਵਜੇ ਤੋਂ ਸ਼ਾਮ 6 ਵਜੇ ਤਕ

ਲੜੀ ਨੰ.	[illegible]	[illegible]	[illegible]	[illegible]	[illegible]	[illegible]	[illegible]
1.	[illegible]	[illegible]	Rs. 20,12,112.76/-	[illegible]	[illegible]	[illegible]	Rs. 14,63,700/- Rs. 1,46,370/- Rs. 10,000/-

ਵਿਕਰੀ ਦੇ ਵਿਸਤ੍ਰਿਤ ਨਿਯਮਾਂ ਤੇ ਸ਼ਰਤਾਂ ਲਈ ਕਿਰਪਾ ਕਰ ਕੇ https://www.bankofbaroda.in/e-auction.htm ਤੇ https://ebkray.in 'ਤੇ ਦਿੱਤੇ ਗਏ ਲਿੰਕ 'ਤੇ ਵਿਜ਼ਿਟ ਕਰੋ। [illegible]

ਇਸ ਨੂੰ ਸਰਫੇਸੀ ਐਕਟ 2002 ਤਹਿਤ 30/15 ਦਿਨਾ ਵਿਧਾਨਕ ਵਿਕਰੀ ਨੋਟਿਸ ਸਮਝਿਆ ਜਾਵੇ।

ਮਿਤੀ : 20.08.2026 | ਸਥਾਨ : ਲੁਧਿਆਣਾ | ਅਧਿਕਾਰਤ ਅਫਸਰ : ਬੈਂਕ ਆਫ ਬੜੌਦਾ